ਪਤਝੜ/ਸਰਦੀਆਂ 2023

# ਇਮਪਲੌਏਅਰਜ਼ ਐਡਵਾਈਜ਼ਰ

BRITISH COLUMBIA | Employers' Advisers Office

*ਇਮਪਲੌਏਅਰਜ਼ ਐਡਵਾਈਜ਼ਰ ਦੇ ਦਫਤਰ, ਲੇਬਰ ਮਨਿਸਟਰੀ, ਬੀ.ਸੀ. ਸਰਕਾਰ ਵਲੋਂ ਇਕ ਬੁਲੇਟਿਨ। ਇਮਪਲੌਏਅਰਜ਼ ਐਡਵਾਈਜ਼ਰ ਦਾ ਦਫਤਰ, ਵਰਕਰਜ਼ ਕੰਪਨਸੇਸ਼ਨ ਸਿਸਟਮ ਦੇ ਸਾਰੇ ਪੱਖਾਂ 'ਤੇ ਸਲਾਹ, ਮਦਦ, ਨੁਮਾਇੰਦਗੀ, ਅਤੇ ਸਿੱਖਿਆ ਦੀਆਂ ਸੇਵਾਵਾਂ ਦਿੰਦਾ ਹੈ।*

## ਨਵੀਂ ਐਸਬੈਸਟਸ ਟਰੇਨਿੰਗ, ਸਰਟੀਫਿਕੇਟ, ਲਾਇਸੰਸ

ਯਾਦ ਰੱਖੋ! 1 ਜਨਵਰੀ, 2024 ਤੋਂ, ਐਸਬੈਸਟਸ ਕੱਢਣ ਵਾਲੇ ਸਾਰੇ ਕੌਨਟਰੈਕਟਰਜ਼ (ਠੇਕੇਦਾਰਾਂ) ਲਈ ਬ੍ਰਿਟਿਸ਼ ਕੋਲੰਬੀਆ ਵਿਚ ਕੰਮ ਕਰਨ ਲਈ ਲਾਇਸੰਸਸ਼ੁਦਾ ਹੋਣਾ ਜ਼ਰੂਰੀ ਹੈ। ਇਸ ਦੇ ਇਲਾਵਾ, ਐਸਬੈਸਟਸ ਕੱਢਣ ਦਾ ਕੰਮ ਕਰਨ ਵਾਲੇ ਕਿਸੇ ਵੀ ਵਿਅਕਤੀ ਲਈ ਲਾਜ਼ਮੀ ਸੇਫਟੀ ਟਰੇਨਿੰਗ ਪੂਰੀ ਕਰਨਾ ਅਤੇ ਸਰਟੀਫਿਕੇਟਸ ਲੈਣਾ ਜ਼ਰੂਰੀ ਹੈ। ਵਰਕਸੇਫ ਬੀ ਸੀ ਦੇ ਵੈੱਬਸਾਈਟ ਉੱਪਰ ਐਸਬੈਸਟਸ ਟਰੇਨਿੰਗ, ਸਰਟੀਫਿਕੇਸ਼ਨ ਅਤੇ ਲਾਇਸੰਸਿੰਗ ਬਾਰੇ ਜ਼ਿਆਦਾ ਜਾਣੋ।

## ਕਾਨੂੰਨ ਅਤੇ ਪੌਲਸੀ ਅਪਡੇਟਸ

1 ਦਸੰਬਰ, 2024 ਤੋਂ ਲਾਗੂ

*ਰੀਹੈਬਲੀਟੇਸ਼ਨ ਸਰਵਿਸਿਜ਼ ਐਂਡ ਕਲੇਮਜ਼ ਮੈਨੂਅਲ ਵੌਲੀਅਮ II* ਦੇ ਪਰਮਾਨੈਂਟ ਡਿਸਏਬਿਲਟੀ ਇਵੈਲੂਏਸ਼ਨ ਸਕੈਜੂਅਲ (ਅਪੈਨੇਡਿਕਸ 3) ਨੂੰ ਅਪਡੇਟ ਕੀਤਾ ਗਿਆ ਹੈ।

ਇਹ ਅਪਡੇਟਸ ਨਰਵ ਰੂਟ ਹਾਲਤਾਂ ਨਾਲ ਸੰਬੰਧਿਤ ਨਿੱਜੀ ਅਤੇ ਗਰੁੱਪ ਵਾਲੀ ਰੇਟਿੰਗਜ਼ ਨੂੰ ਸਪਸ਼ਟ ਕਰਦੀਆਂ ਹਨ, ਸੈਂਟਰਲ ਨਰਵਸ ਸਿਸਟਮ (ਸੀ ਐੱਨ ਐੱਸ) ਦੇ ਸੰਬੰਧ ਵਿਚ ਦਿੱਤੀਆਂ ਗਈਆਂ ਕੁਝ ਉਦਾਹਰਣਾਂ ਨੂੰ ਅਪਡੇਟ ਕਰਦੀਆਂ ਹਨ, ਅਤੇ ਸੀ ਐੱਨ ਐੱਸ ਦੀਆਂ ਹਾਲਤਾਂ ਲਈ ਹੱਥਾਂ-ਬਾਂਹਾਂ ਬਾਰੇ ਸਬਸੈਕਸ਼ਨ ਦੇ ਮੰਤਵ ਲਈ ਸਪਸ਼ਟ ਕਰਦੀਆਂ ਹਨ। ਜ਼ਿਆਦਾ ਜਾਣਕਾਰੀ ਲਈ ਵਰਕਸੇਫ ਬੀ ਸੀ ਦਾ ਵੈੱਬਸਾਈਟ ਦੇਖੋ: Permanent Disability Evaluation Schedule Policy Update

1 ਜਨਵਰੀ, 2024 ਤੋਂ ਲਾਗੂ

*ਵਰਕਰਜ਼ ਕੰਪਨਸੇਸ਼ਨ ਐਕਟ* ਦੇ ਬਿੱਲ 41 ਵਿਚ ਤਬਦੀਲੀਆਂ ਮੁਤਾਬਕ, ਬੀ.ਸੀ. ਦੇ ਕੰਮ-ਮਾਲਕਾਂ (ਇਮਪਲੌਏਅਰਜ਼) ਅਤੇ ਵਰਕਰਾਂ ਦਾ, ਜ਼ਖਮੀ ਹੋਏ ਵਰਕਰ ਦੀ ਕੰਮ 'ਤੇ ਸਮੇਂ ਸਿਰ ਅਤੇ ਸੁਰੱਖਿਅਤ ਵਾਪਸੀ ਲਈ ਇਕ ਦੂਜੇ ਨਾਲ ਅਤੇ ਵਰਕਸੇਫ ਬੀ ਸੀ ਨਾਲ ਸਹਿਯੋਗ ਕਰਨ ਦਾ ਕਾਨੂੰਨੀ ਫਰਜ਼ ਹੋਵੇਗਾ। ਕੁਝ ਕੰਮ-ਮਾਲਕਾਂ ਦੀ ਜ਼ਖਮੀ ਵਰਕਰਾਂ ਨੂੰ ਖਾਸ ਹਾਲਤਾਂ ਵਿਚ ਕੰਮ 'ਤੇ ਵਾਪਸੀ ਲਈ ਵੀ ਜ਼ਿੰਮੇਵਾਰੀ ਹੋਵੇਗੀ।

ਇਨ੍ਹਾਂ ਤਬਦੀਲੀਆਂ ਬਾਰੇ ਜ਼ਿਆਦਾ ਜਾਣਕਾਰੀ ਲਈ, ਸਾਡਾ ਦਸੰਬਰ ਦਾ ਕਾਨੂੰਨ ਅਤੇ ਪੌਲਸੀ ਬੁਲੇਟਿਨ ਦੇਖੋ ਅਤੇ ਵਰਕਸੇਫ ਬੀ ਸੀ ਦੇ ਵੈੱਬਸਾਈਟ 'ਤੇ ਜਾਉ: Employers: Duty to cooperate and duty to maintain employment

## ਸਿਖਿਆ ਦੇਣ ਵਾਲੇ ਸੈਮੀਨਾਰ

ਇਮਪਲੌਏਅਰਜ਼ ਐਡਵਾਈਜ਼ਰ ਦਾ ਦਫਤਰ ਵਰਕਰਾਂ ਦੇ ਕੰਪਨਸੇਸ਼ਨ ਦੇ ਮੁੱਦਿਆਂ ਬਾਰੇ ਕੰਮ-ਮਾਲਕਾਂ ਨੂੰ ਬਿਨਾਂ ਕਿਸੇ ਖਰਚੇ ਦੇ ਸੈਮੀਨਾਰ ਦਿੰਦਾ ਹੈ। ਜਨਵਰੀ ਤੋਂ ਮਾਰਚ, 2024 ਦੇ ਸਮੇਂ ਲਈ ਸਾਡੇ ਅਗਲੇ ਸੈਮੀਨਾਰ ਬਾਰੇ ਜਾਣਕਾਰੀ 15 ਦਸੰਬਰ, 2023 ਤੱਕ ਦਿੱਤੇ ਜਾਣ ਦੀ ਉਮੀਦ ਹੈ।

ਸੈਮੀਨਾਰਾਂ ਵਿਚ ਸ਼ਾਮਲ ਹਨ:

- ਨਵੀਂ ਜੋਆਇੰਟ ਕਮੇਟੀ ਮੈਂਬਰਜ਼ ਲਈ ਲੜੀ
- ਵਰਕਸੇਫ ਬੀ ਸੀ ਬਾਰੇ ਜਾਣਕਾਰੀ
- ਘਟਨਾ ਦੀ ਪੜਤਾਲ
- ਹੈਜ਼ਰਡ ਆਈ ਡੀ ਅਤੇ ਕੰਮ ਦੀ ਥਾਂ ਦੀਆਂ ਇੰਸਪੈਕਸ਼ਨਾਂ
- ਡਿਊ ਡਿਲੀਜੈਂਸ (ਯੋਗ ਉੱਦਮ)
- ਕਲੇਮ
- ਓ ਐੱਚ ਐੱਸ ਦੇ ਪ੍ਰੋਗਰਾਮ

## WORKSAFEBC ਮੌਜੂਦਾ ਜਨਤਕ ਸੁਣਵਾਈਆਂ ਅਤੇ ਸਲਾਹ-ਮਸ਼ਵਰੇ

| ਮੌਜੂਦਾ ਸਲਾਹ-ਮਸ਼ਵਰੇ | ਸਲਾਹ-ਮਸ਼ਵਰੇ ਦੀ ਡੈੱਡਲਾਈਨ |
|---|---|
| ਚੋਣਵੇਂ ਕੈਮੀਕਲ ਪਦਾਰਥਾਂ ਲਈ ਨਵੇਂ ਜਾਂ ਸੋਧੇ ਹੋਏ 2019 ਅਤੇ 2020 ਏ ਸੀ ਜੀ ਆਈ ਐੱਚ ਟੀ ਐੱਲ ਵੀਜ਼ 'ਤੇ ਤਜਵੀਜ਼ਸ਼ੁਦਾ ਬੀ.ਸੀ. ਐਕਸਪੋਜ਼ਰ ਦੀਆਂ ਹੱਦਾਂ ਬਾਰੇ ਸਲਾਹ-ਮਸ਼ਵਰਾ | 2 ਫਰਵਰੀ, 2024 |



**ਸਾਡੇ ਨਾਲ ਸੰਪਰਕ ਕਰੋ**
**ਫੋਨ: 1-800-925-2233; ਫੈਕਸ: 1-855-664-7993**
www.gov.bc.ca/employersadvisers
ਇਨਕੁਆਰੀਆਂ/ਸਬਸਕਰਾਈਬ/ਅਨਸਬਸਕਰਾਈਬ: EAO@eao-bc.org